# ਜਤਿੰਦਰ ਹਾਂਸ ਦੀਆਂ ਕਹਾਣੀਆਂ : ਵਸਤੂ ਤੇ ਵਿਧੀ

**ਡਾ. ਸ਼ਰਨਜੀਤ ਕੌਰ,**
**ਅਸਿਸਟੈਂਟ ਪ੍ਰੋਫ਼ੈਸਰ,**
**ਖ਼ਾਲਸਾ ਕਾਲਜ ਫ਼ਾਰ ਵਿਮਨ,**
**ਅੰਮ੍ਰਿਤਸਰ।**

ਜਤਿੰਦਰ ਹਾਂਸ ਪੰਜਾਬੀ ਕਹਾਣੀ ਦੇ ਚੌਥੇ ਪੜਾਅ ਵਿਚਕਾਰ ਇਕ ਵਿਸ਼ੇਸ਼ ਨਾਮ ਹੈ।ਉਸਦੀ ਨਵੀਨ ਕਥਾ ਸ਼ੈਲੀ ਅਤੇ ਜ਼ਹੀਨ ਰਚਨਾ ਦ੍ਰਿਸ਼ਟੀ ਉਸਨੂੰ ਥੋੜੇ ਸਮੇਂ ਵਿਚ ਹੀ ਕਥਾ ਪਿੜ ਵਿਚ ਮਕਬੂਲ ਕਰਨ ਦਾ ਬਾਇਸ ਬਣਦੀ ਹੈ।ਉਸਨੇ **ਪਾਵੇ ਨਾਲ ਬੰਨਿਆ ਹੋਇਆ ਕਾਲ** (2005), ਕਹਾਣੀ ਸੰਗ੍ਰਿਹ ਰਾਹੀਂ ਸਿਰਜਣਕਾਰੀ ਵਿਚ ਪੈਰ ਧਰਦਿਆਂ ਉਪਰੰਤ **ਈਸ਼ਵਰ ਦਾ ਜਨਮ** (2009), ਅਤੇ **ਜਿਊਣਾ ਸੱਚ ਤੇ ਬਾਕੀ ਝੂਠ** (2018) ਨਾਮਕ ਤਿੰਨ ਕਥਾ ਸੰਗ੍ਰਹਿਆਂ ਰਾਹੀਂ ਆਪਣੀ ਗੁਣਾਤਮਕ ਸਮੱਰਥਾ ਦਾ ਪ੍ਰਗਟਾਅ ਕੀਤਾ।ਇਸੇ ਗੁਣਾਤਮਕ ਸੱਮਰਥਾ ਦੇ ਸਦਕਾ ਹੀ ਉਸਨੂੰ ਵੱਖ-ਵੱਖ ਅਦਾਰਿਆਂ ਵੱਲੋਂ ਸਮੇਂ-ਸਮੇਂ ਸਨਮਾਨਿਤ ਵੀ ਕੀਤਾ ਜਾ ਚੁੱਕਾ ਹੈ।ਉਸਦੀਆਂ ਕਹਾਣੀਆਂ ਦੇ ਰਚਨਾਵੀ ਪਾਸਾਰ ਦੇ ਮੱਦੇਨਜ਼ਰ ਕਹਾਣੀਆਂ ਨੂੰ ਅੰਗਰੇਜ਼ੀ, ਮਲਿਆਲਮ, ਕੰਨੜ, ਬੰਗਲਾ ਆਦਿ ਭਾਸ਼ਾਵਾਂ ਵਿਚ ਅਨੁਵਾਦ ਕੀਤਾ ਜਾ ਚੁੱਕਾ ਹੈ ਅਤੇ ਕੁਝ ਕਹਾਣੀਆਂ ਉੱਪਰ ਫਿਲਮਾਂਕਣ ਦਾ ਕਾਰਜ ਵੀ ਕੀਤਾ ਜਾ ਚੁੱਕਾ ਹੈ।

ਜਤਿੰਦਰ ਹਾਂਸ ਦੀ ਰਚਨਾ ਦ੍ਰਿਸ਼ਟੀ ਨੱਬੇਵਿਆਂ ਤੋਂ ਬਾਅਦ ਦੇ ਸਮਾਜਕ ਯਥਾਰਥ ਨੂੰ ਆਪਣਾ ਕੇਂਦਰ ਸਥਾਪਿਤ ਕਰਦੀ ਬਦਲਦੇ ਦੌਰ ਦੀਆਂ ਸੂਖ਼ਮ- ਸਥੂਲ ਪੱਧਤੀਆਂ ਦਾ ਲੇਖਾ ਜੋਖਾ ਕਰਦੀ ਹੈ। ਅਜੋਕਾ ਦੌਰ ਬਸਤੀਵਾਦੀ ਪੈਂਤੜਿਆਂ ਦਾ ਸਿਖਰ ਹੰਢਾ ਰਿਹਾ ਹੈ।ਮੰਡੀ ਦਾ ਗਲਬਾ ਇਸ ਕਦਰ ਹਾਵੀ ਹੋ ਚੁੱਕਾ ਹੈ ਕਿ ਇਹ ਹੁਣ ਜਬਰਨ ਦੀ ਬਜਾਏ ਆਮ ਆਵਾਮ ਦੀ ਮਾਨਸਿਕ ਪ੍ਰਵਾਨਗੀ ਨੂੰ ਪ੍ਰਾਪਤ ਹੋ ਚੁੱਕਾ ਹੈ।ਮੁਨਾਫ਼ਾਬਿਰਤੀ ਦੀ ਹੋੜ ਪ੍ਰਚਲਿਤ ਜਾਂ ਸਥਾਪਿਤ ਮਿੱਥਾਂ ਨੂੰ ਭੰਨ ਤੋੜ ਕੇ ਮੰਡੀ ਅਨੁਕੂਲ ਨਵਾਂ ਰੂਪ ਸਿਰਜ ਰਹੀ ਹੈ।ਵਰਤਮਾਨ ਸਮੇਂ ਰਿਸ਼ਤਾ ਨਾਤਾ ਪ੍ਰਬੰਧ ਵਿਚਲਾ ਬੁਨਿਆਦੀ ਤੱਤ 'ਸਾਂਝ ਜਾਂ ਨਿੱਘ' ਲਗਭਗ ਮਨਫ਼ੀ ਹੋ ਚੁੱਕਾ ਹੈ।ਜਤਿੰਦਰ ਹਾਂਸ ਦੀ ਕਹਾਣੀ ਸਮਕਾਲੀ ਯਥਾਰਥ ਦੇ ਇਸ ਸੰਕਟ ਨਾਲ ਦਸਤਪੰਜਾ ਲੈਂਦੀ ਇਸ ਅੰਦਰਲੀਆਂ ਨਵੀਆਂ ਤੰਦਾਂ ਨੂੰ ਮਾਰਮਿਕਤਾ ਨਾਲ ਬਿਆਨਦੀ ਹੈ।ਲਗਭਗ ਹਰ ਕਹਾਣੀ ਵਿਚ ਇਹ ਸੰਕਟ ਥੋੜੀ ਜਾਂ ਬਹੁਤੀ ਮਾਤਰਾ ਵਿਚ ਸ਼ਾਮਿਲ ਹੈ ਪਰ ਕਹਾਣੀ 'ਲੁਤਰੋ', 'ਪਾਵੇ ਨਾਲ ਬੰਨਿਆ ਹੋਇਆ ਕਾਲ', 'ਅੱਧੇ ਸੌ ਦਾ ਨੋਟ', 'ਲਵ ਜਿਹਾਦ', 'ਵਿਸ਼ਵ ਸੁੰਦਰੀ' ਵਿਚੋਂ ਇਹ ਸੁਰ ਉਭਰਵੇਂ ਰੂਪ ਵਿਚ ਵੇਖਣ ਨੂੰ ਮਿਲਦੀ ਹੈ।ਇਹਨਾਂ ਕਹਾਣੀਆਂ ਦਰਮਿਆਨ ਵੱਖ-ਵੱਖ ਰਿਸ਼ਤਿਆਂ ਮਸਲਨ ਮਾਂ-ਪੁੱਤ, ਪਤੀ-ਪਤਨੀ, ਪ੍ਰੇਮੀ-ਪ੍ਰੇਮਿਕਾ, ਮਾਪੇ ਤੇ ਸੰਤਾਨ ਦੇ ਹਵਾਲੇ ਰਾਹੀਂ ਰਿਸ਼ਤਿਆਂ ਵਿਚੋਂ ਖੁਰਦੀ ਜੀਵਨ ਰੌਂਅ ਦੀ ਹਕੀਕਤ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਵਿਚ ਪੁੱਤਰ, ਪਿਉ ਦੀ ਮੌਤ ਉਪਰੰਤ ਮਾਂ ਕੋਲੋਂ ਜਬਰਨ ਜਾਇਦਾਦ ਨਾਮ ਲਵਾਉਣ ਦੀ ਜਿੱਦ

ਵਿਚ ਮਾਂ-ਪੁੱਤ ਦੇ ਰਿਸ਼ਤੇ ਦੀ ਸੀਮਾ ਤੇ ਪਾਕੀਜ਼ਗੀ ਦਾ ਉਲੰਘਣ ਕਰਦਾ ਹੈ।ਦੂਜੇ ਪਾਸੇ ਗੁੱਸੇ ਵਿਚ ਆਈ ਮਾਂ ਵੀ ਅਖ਼ੀਰ ਪੁੱਤਰ ਦੀ ਮੌਤ ਚਿਤਵਣ ਵੱਲ ਉਲਾਰ ਨਜ਼ਰ ਆਉਂਦੀ ਹੈ:

ਪੁੱਤਰ : ਨਾ ਐ ਕਰੀ, ਮਰ ਕੇ ਵੀ ਨਾਲ ਲੈ ਜੀ। ਏਕਣ ਨੀ ਤੇ ਮਰਨਾ।

ਮੈਂ ਤੈਨੂੰ ਮਾਰ ਦਿੰਨਾਂ . . . ਕਿੰਨੇ ਦਿਨ ਹੋਗੇ ਲੱਲੇ-ਭੱਤੇ ਕਰਦੀ ਨੂੰ।

ਲਾ ਦੇ, ਇਹਨਾਂ ਕਾਗਜ਼ਾਂ ’ਤੇ ਅੰਗੂਠਾ ਲਾ ਦੇ।[1]

ਮਾਂ : ਠੱਕ-ਠੱਕ ਧੜਕਦੇ ਦਿਲ ਵਿਚ ਖ਼ਿਆਲ ਆਇਆ। ‘ਸ਼ਰਾਬ ਦੀ ਬੋਤਲ ਵਿਚ

ਰਾਖ ਦੀ ਥਾਂ ਜ਼ਹਿਰ-ਮੁਹਰਾ-ਕਿਉਂ ਨਾ ਪਾਇਆ।’[2]

ਇਸੇ ਪ੍ਰਕਾਰ ਪਤੀ-ਪਤਨੀ ਦੇ ਰਿਸ਼ਤੇ ਵਿਚਲੀ ਮਰਿਯਾਦਾ ਵੀ ਵਿਆਹ ਬਾਹਰੀ ਸੰਬੰਧਾਂ ਦਾ ਰੂਪ ਲੈ ਚੁੱਕੀ ਹੈ।ਕਥਾਕਾਰ ਜਦ ਅਜਿਹੇ ਸੰਕਟਕੁੰਨ ਹਾਲਾਤ ਨੂੰ ਵੇਖਦਾ ਹੈ ਤਾਂ ਇਸਦੇ ਕਾਰਨ ਕਾਰਜੀ ਪ੍ਰਕਰਣ ਨੂੰ ਫਰੋਲਦਾ ਕੁਝ- ਇਕ ਕਾਰਨਾਂ ਵੱਲ ਵੀ ਸੰਕੇਤ ਮਾਤਰ ਇਸ਼ਾਰਾ ਕਰ ਜਾਂਦਾ ਹੈ। ਅੱਜ ਦੇ ਜੀਵਨ ਦੌਰ ਵਿਚ ਸੋਸ਼ਲ ਮੀਡੀਆ ਦੀ ਮਿਕਦਾਰ ਸਾਡੀ ਜ਼ਿੰਦਗੀ ਦੇ ਹਰ ਪੱਖ ਨੂੰ ਆਪਣੇ ਅਧੀਨ ਕਰ ਚੁੱਕੀ ਹੈ।ਸਿਆਸੀ ਕੂਟਨੀਤੀਆਂ ਅਤੇ ਪੇਤਲੀ ਸੋਝੀ ਵੱਸ ਇਹ ਸੰਚਾਰ ਮੀਡੀਆ ਸਾਡੇ ਲਈ ਘਾਤਕ ਬਣਕੇ ਹੀ ਸਿੱਧ ਹੋਇਆ ਹੈ।ਲੋੜੋਂ ਵੱਧ ਹੁੰਦੀ ਇਹਨਾਂ ਸੰਚਾਰ ਸਾਧਨਾਂ ਦੀ ਵਰਤੋਂ-ਦੁਰਵਰਤੋਂ ਨਾ ਸਿਰਫ਼ ਸਾਡੀ ਮਾਨਸਿਕਤਾ ਵਿਚ ਹੀ ਬਲਕਿ ਸਾਡੀ ਜੀਵਨਚਰਿਆ ਵਿਚ ਵੀ ਕਈ ਖੋਰੇ ਪੈਦਾ ਕਰ ਚੁੱਕੀ ਹੈ।ਜਿਸਦਾ ਅੰਜਾਮ ਕਿ ਅੱਜ ਅਸੀਂ ਇਕੱਲਤਾ ਅਤੇ ਬਿਗਾਨਗੀ ਦੇ ਅਹਿਸਾਸ ਥੱਲੇ ਦੱਬੇ ਆਪਣੀ ਹੋਂਦ ਦੇ ਕਿਣਕੇ ਇਕੱਠੇ ਕਰਨ ਤੋਂ ਵੀ ਅਸਮੱਰਥ ਹੁੰਦੇ ਜਾ ਰਹੇ ਹਾਂ।ਕਥਾਕਾਰ ਵੀ ਸ਼ੋਸ਼ਲ ਮੀਡੀਆ ਪ੍ਰਤੀ ਆਪਣੀ ਨਾਹਮੁਖੀ ਟਿੱਪਣੀ ਪੇਸ਼ ਕਰਦਾ ਕਹਾਣੀ ‘ਲਵ ਜਿਹਾਦ’ ਵਿਚ ਫੇਸਬੁੱਕ ਨੂੰ ਫ਼ਰਸਟਰੇਟ ਲੋਕਾਂ ਦੀ ਪਨਾਹਗਾਹ ਕਹਿ ਜਾਂਦਾ ਹੈ।

ਕਥਾਕਾਰ ਆਪਣੀ ਗੱਲ ਨੂੰ ਵਧੇਰੇ ਵਾਜਿਬ ਬਣਾਉਣ ਲਈ ਕਥਾ ਬਿਰਤਾਂਤ ਦਰਮਿਆਨ ‘ਮੈਂ’ ਪਾਤਰ ਦੇ ਰੂਪ ਵਿਚ ਪੇਸ਼ ਹੁੰਦਾ ਸਰਬਗਿਆਤਾ ਬਿਰਤਾਂਤਕਾਰੀ ਤੋਂ ਪਾਸਾ ਕਰਦਾ ਹੈ।ਉਹ ਉੱਤਮ-ਪੁਰਖੀ ਲਹਿਜ਼ੇ ਵਿਚ ਆਪਣੀ ਗੱਲ ਆਰੰਭ ਕਰਦਾ, ਕਹਾਣੀ ਦੇ ਆਰੰਭ ਤੋਂ ਹੀ ਪਾਤਰ ਦੀ ਮਨੋਦਸ਼ਾ ਦੀ ਝਲਕ ਪੇਸ਼ ਕਰਦਾ, ਰਹੱਸ ਦਾ ਆਲਮ ਉਸਾਰਦਾ ਪਾਠਕ ਅੰਦਰ ਰੀਮਕ ਅਤੇ ਉਤਸੁਕ ਕੜੀਆਂ ਦਾ ਪ੍ਰਤਿਪਾਦਨ ਕਰ ਦਿੰਦਾ ਹੈ।ਜ਼ਿਆਦਾਤਰ ਕਹਾਣੀਆਂ ਮੈਂ-ਮੂਲਕਤਾ ਰਾਹੀਂ ਹੀ ਆਪਣਾ ਕਥਾ ਪ੍ਰਬੰਧ ਉਸਾਰਦੀਆਂ ਹਨ।ਜਤਿੰਦਰ ਹਾਂਸ ਕੋਲ ਗੱਲ ਵੀ ਹੈ ਤੇ ਗੱਲ ਕਹਿਣ ਦਾ ਢੰਗ ਵੀ।ਉਹ ਬਹੁਤੀ ਵਾਰ ਮੈਂ-ਮੂਲਕਤਾ ਰਾਹੀਂ ਅਤੇ ਨਾਲ ਨਾਲ ਮੱਧਯ-ਪੁਰਖੀ, ਅਨਯ-ਪੁਰਖ ਬਿਰਤਾਂਤਕਾਰ ਵਜੋਂ ਪੇਸ਼ ਹੁੰਦਾ ਦ੍ਰਿਸ਼ ਸਿਰਜਨਾ ਅਤੇ ਨਾਟਕੀ ਅੰਦਾਜ਼ ਨੂੰ ਗੱਲਕਥ ਦਾ ਢੰਗ ਚੁਣਦਾ ਸਿਰਜਨਾ ਪ੍ਰਤੀ ਆਪਣੀ ਸ਼ਮਤਾ ਦਾ ਗਵਾਹ ਬਣਦਾ ਹੈ।“ਉਹ

(ਹਾਂਸ) ਇਕਹਿਰੀ ਸੰਰਚਨਾ ਦਾ ਕਹਾਣੀਕਾਰ ਨਹੀਂ ਸਗੋਂ ਬਹੁ-ਪਰਤੀ ਕਹਾਣੀਕਾਰ ਹੈ।ਉਹ ਕਹਾਣੀ ਸ਼ੁਰੂ ਕਰਦਾ ਹੈ ਪਰ ਅਤੀਤ ਦੀਆਂ ਕਹਾਣੀਆਂ ਵਾਂਗ ਜ਼ਰੂਰੀ ਨਹੀਂ, ਕਹਾਣੀ ਘਟਨਾ ਦੇ ਆਦਿ ਤੋਂ ਹੀ ਸ਼ੁਰੂ ਕਰੇ, ਕਈ ਵਾਰੀ ਉਸਦੀ ਕਹਾਣੀ ਮੱਧ ਤੋਂ ਸ਼ੁਰੂ ਹੁੰਦੀ ਹੈ, ਕਈ ਵਾਰੀ ਘਟਨਾ ਜਾਂ ਕਿਸੇ ਪਾਸਾਰ ਦੀ ਹੋਰ ਪਰਤ ਤੋਂ ਤੇ ਫਿਰ ਆਲੇ-ਦੁਆਲੇ ਫੈਲਾਂਉਂਦੀ ਅੰਤ ਵੱਲ ਵਧਦੀ ਹੈ।ਜਤਿੰਦਰ ਹਾਂਸ ਕਹਾਣੀ ਦੀ ਇਸ ਕਲਾ ਨੂੰ ਜਾਣਦਾ ਹੈ। ”[3]

ਕਥਾਕਾਰ ਮੰਡੀ ਜਾਂ ਖ਼ਪਤ ਸਭਿਆਚਾਰ ਅਧੀਨ ਮਰ ਰਹੀਆਂ ਸਮੂਹ ਪ੍ਰੰਪਰਕ ਰੀਤਾਂ-ਮਨੌਤਾਂ ਤੇ ਕਿੱਤਿਆਂ ਪ੍ਰਤੀ ਚਿੰਤਤ ਹੈ।ਉਸਦੀ ਇਹ ਚਿੰਤਾ ਜਾਂ ਸੰਵੇਦਨਸ਼ੀਲਤਾ ਤਹਿਤ ਸਮੁੱਚਾ ਵਿਸ਼ਵੀਕਰਨ ਵਰਤਾਰਾ ਉਸਨੂੰ 'ਤੱਖੀ' ਦੇ ਸਾਮਾਨ ਜਾਪਦਾ ਹੈ ਜੋ ਸਭਿਆਚਾਰਕ ਅਮੀਰੀ ਦਾ ਚਿਹਨ ਗਿਣੇ ਜਾਂਦੇ ਸਮਸਤ ਕਾਰਕਾਂ ਨੂੰ ਨਿਗਲ ਰਿਹਾ ਹੈ।ਕਹਾਣੀ 'ਤੱਖੀ' ਇਸਦੀ ਪ੍ਰਮੁਖ ਮਿਸਾਲ ਹੈ।ਤੱਖੀ ਦਾ ਭਾਵ ਹੈ ਨਾਗਾਂ ਦਾ ਰਾਜਾ। ਵਿਸ਼ਵ ਮੰਡੀ ਅਧੀਨ ਵਾਪਰੀ ਤਬਦੀਲੀ ਬੇਸ਼ਕ ਨਵੀਆਂ ਤਕਨੀਕਾਂ , ਇਜਾਦਾਂ ਦਾ ਬਾਇਸ ਬਣੀ ਹੈ ਪ੍ਰੰਤੂ ਇਸਨੇ ਲੋਕ ਕਿੱਤਾਕਾਰਾਂ ਲਈ ਗੰਭੀਰ ਚੁਣੌਤੀਆਂ ਦਾ ਆਲਮ ਵੀ ਪੈਦਾ ਕੀਤਾ ਹੈ ਕਿਉਂਕਿ "ਮੰਡੀ ਦਾ ਸੰਬੰਧ ਕਿਸੇ ਧਰਮ, ਭਾਸ਼ਾ, ਸਭਿਆਚਾਰ ਆਦਿ ਨਾਲ ਸਿੱਧਾ ਨਹੀਂ ਹੈ।ਉਹ ਮੰਗ, ਪੂਰਤੀ, ਨਵਾਂਪਣ, ਗੁਣਾਤਮਕਤਾ, ਸੰਪੂਰਨ ਮੁਕਾਬਲਾ ਆਦਿ ਤੱਤਾਂ 'ਤੇ ਨਿਰਭਰ ਕਰਦੀ ਹੈ।...ਮਸ਼ੀਨੀ ਉਤਪਾਦਨ ਨੇ ਲੋਕਾਂ ਅੰਦਰ 'ਨਵਾਂਪਣ' ਲਿਆਂਦਾ ਜਿਹੜਾ ਹੱਥੀਂ ਕੰਮ ਕਰਨ ਵਾਲਿਆਂ ਲਈ ਖਤਰਨਾਕ ਸਾਬਿਤ ਹੋਇਆ। ”[4] ਕਥਾਕਾਰ ਮੰਡੀ ਦੇ ਇਸ ਸੁਭਾਅ ਨੂੰ ਤੱਖੀ ਦੇ ਪ੍ਰਤੀਕ ਰਾਹੀਂ ਪ੍ਰਗਟਾਉਂਦਾ ਪ੍ਰੰਪਰਾ ਦੀ ਖੁਰਦੀ ਹੋਂਦ ਦਾ ਚਿਤੇਰਾ ਬਣ ਕੇ ਉਭਰਦਾ ਹੈ।

ਕਿਸਾਨੀ ਦਾ ਕਿੱਤਾ ਸਾਡੇ ਸਮਾਜ ਦੀ ਅੱਧੀ ਤੋਂ ਵਧੇਰੇ ਆਬਾਦੀ ਦੀ ਰੋਜ਼ੀ ਰੋਟੀ ਦਾ ਸਾਧਨ ਹੈ।ਖ਼ਪਤ ਸਭਿਆਚਾਰ ਨੇ ਵਾਧੂ ਪੈਦਾਵਾਰ ਲਈ ਨਵੇਂ ਖਾਦ, ਬੀਜ, ਕੀਟਨਾਸ਼ਕ ਆਦਿ ਕਿਸਾਨਾਂ ਦੀ ਸਹੂਲਤ ਹਿੱਤ ਸਾਹਮਣੇ ਲਿਆਂਦੇ ਜੋ ਪਿੱਛੋਂ ਜਾ ਕੇ ਕਿਸਾਨੀ ਮੰਦਹਾਲੀ ਦੇ ਰੂਪ ਵਿਚ ਵਟ ਗਏ।ਵੱਧ ਲਾਗਤ ਪਰ ਘੱਟ ਆਮਦਨ ਦੀ ਸਥਿਤੀ ਨੇ ਆਰਥਿਕ ਪੱਧਰ ਲਈ ਗੰਭੀਰ ਸਮੱਸਿਆ ਪੈਦਾ ਕਰ ਦਿੱਤੀ ਹੈ।ਕਹਾਣੀਆਂ 'ਅੱਗ ਬੰਨਣ ਵਾਲੇ','ਪਾਵੇ ਨਾਲ ਬੰਨ੍ਹਿਆ ਹੋਇਆ ਕਾਲ', 'ਬਾਕੀ ਸਭ ਝੂਠ ਹੈ', 'ਫੌਜੀ', ਤੇ 'ਛਿੱਟ ਕੁ ਕਹਾਣੀ' ਕਿਸਾਨੀ ਦੀ ਨਿਘਰਦੀ ਸਥਿਤੀ ਨਾਲ ਸਿੱਧੇ ਰੂਪ ਵਿਚ ਵਾਬਸਤਾ ਹਨ।ਆਰਥਿਕ ਖੱਪੇ ਨੂੰ ਪੂਰਨ ਲਈ ਉਚੇਰੀ ਵਿਦਿਆ ਪ੍ਰਾਪਤ ਕਰਕੇ ਵੀ, ਗੈਰ-ਕੋਟਾ ਤਬਕਾ ਰਾਖ਼ਵੇਂਕਰਨ ਦੀ ਨੀਤੀ ਕਾਰਨ ਕਈ ਖੇਤਰਾਂ ਵਿਚ ਪੱਛੜਿਆ ਰਹਿ ਜਾਂਦਾ ਹੈ।ਯੋਗਤਾ ਨਾਲੋਂ ਜਾਤ ਨੂੰ ਦਿੱਤੀ ਜਾਂਦੀ ਪਹਿਲ ਨੇ ਵੀ ਕਿਸਾਨ ਜਾਂ ਤਮਾਮ ਗੈਰ-ਕੋਟਾ ਵਰਗਾਂ ਲਈ ਸੰਕਟ ਨੂੰ ਬੜਾਵਾ ਦਿੱਤਾ ਹੈ।ਜਤਿੰਦਰ ਹਾਂਸ ਬੜੀ ਬੇਬਾਕੀ ਨਾਲ ਕਹਾਣੀ 'ਛ ਖਾਲੀ ਨਹੀਂ ਹੰਦਾ' ਵਿਚਲੇ ਪਾਤਰ ਮਾਸਟਰ ਦੇ ਰਾਂਹੀ ਅਜਿਹੀਆਂ ਅਸਾਂਵੀਂਆਂ ਨੀਤੀਆਂ ਪ੍ਰਤੀ ਆਪਣੀ ਆਵਾਜ਼ ਉਠਾਉਂਦਾ ਹੈ।

ਜਤਿੰਦਰ ਹਾਂਸ ਦਾ ਖਾਸਾ ਇਹ ਹੈ ਕਿ ਉਹ ਇਨ੍ਹਾਂ ਸਮੱਸਿਆਵਾਂ ਦੇ ਕੇਵਲ ਬਾਹਰੀ ਪ੍ਰਗਟਾਅ ਤੱਕ ਸੀਮਿਤ ਨਹੀਂ ਰਹਿੰਦਾ ਸਗੋਂ ਇਨ੍ਹਾਂ ਦੇ ਕਾਰਨ ਪੈਦਾ ਹੁੰਦੇ ਮਾਨਸਿਕ ਉਤਪੀੜਨ ਨੂੰ ਵੀ ਨਾਲੋ ਨਾਲ ਪੇਸ਼ ਕਰਨ ਦਾ ਯਤਨ ਕਰਦਾ ਹੈ,ਜਿੱਥੋਂ ਕਹਾਣੀ ਮਨੋਵਿਸ਼ਲੇਸ਼ਣੀ ਪਾਸਾਰਾਂ ਦੀ ਜਾਮਨ ਬਣ ਜਾਂਦੀ ਹੈ।ਕਥਾਕਾਰ ਮੈਂ ਦੇ ਰੂਪ ਵਿਚ ਕਹਾਣੀ ਵਿਚ ਹਾਜ਼ਰ ਰਹਿੰਦਾ

ਕਥਾ ਬਿਰਤਾਂਤ ਦੇ ਆਰੰਭ ਤੋਂ ਹੀ ਪਾਤਰ ਮਨ ਦਾ ਝਾਉਲਾ ਪੇਸ਼ ਕਰ ਦਿੰਦਾ ਹੈ ਅਤੇ ਕਹਾਣੀ ਦੇ ਵਿਕਾਸ ਨਾਲ ਵਰਤਮਾਨ ਤੋਂ ਅਤੀਤ, ਅਤੀਤ ਤੋਂ ਭਵਿੱਖ ਅਤੇ ਭਵਿੱਖ ਤੋਂ ਵਰਤਮਾਨ ਵੱਲ ਦਾ ਸਫਰ ਕਰਦਿਆਂ ਮੈਂ ਪਾਤਰ ਦੇ ਮਨੋ-ਚਿਤਰਪਟ ਤੋਂ ਕਥਾ ਦਾ ਉਸਾਰ ਕਰਦਾ ਹੈ।ਕੋਈ ਵੀ ਕਹਾਣੀ ਮਨੋਵਿਸ਼ਲੇਸ਼ਣੀ ਰੰਗਣ ਤੋਂ ਅਛੂਤੀ ਨਹੀਂ ਹੈ।ਮਨੋਵਿਸ਼ਲੇਸ਼ਣੀ ਵਿਧੀ ਦੀਆਂ ਵਿਭਿੰਨ ਪਰਤਾਂ ਵੱਖ-ਵੱਖ ਕਹਾਣੀਆਂ ਵਿਚ ਸੰਮਿਲਤ ਹਨ।ਚੇਤਨਾ ਪ੍ਰਵਾਹ ਦੀ ਜੁਗਤ ਲਗਭਗ ਹਰ ਕਹਾਣੀ ਦਾ ਹਿੱਸਾ ਬਣੀ ਹੈ। ਇਸ ਜੁਗਤ ਅਧੀਨ ਕਹਾਣੀ ਸਮੇਂ - ਸਥਾਨ ਦੀ ਏਕਤਾ ਵਿਚੋਂ ਬਾਹਰ ਨਿਕਲਦੀ ਇੱਕੋ ਵੇਲੇ ਕਾਲ ਦੇ ਤਿੰਨਾਂ ਬਿੰਦੂਆਂ ‘ਤੇ ਵਿਚਰਦੀ ਹੈ।ਪਿੱਛਲਝਾਤ ਜੁਗਤ ਦੇ ਨਾਲ ਨਾਲ ਕਹਾਣੀਆਂ ਮਨੁੱਖੀ ਮਾਨਸਿਕਤਾ ਅੰਦਰਲੀ ਕੁੰਠਾ, ਤਣਾਅ ਤੇ ਖਲਾਅ ਨੂੰ ਵੀ ਬੜੀ ਕਲਾਤਮਕਤਾ ਸਹਿਤ ਚਿਤਰਦੀਆਂ ਹਨ। ਕਹਾਣੀਆਂ ‘ਛਿੱਟ ਕੁ ਕਹਾਣੀ’, ‘ਗਹਿਣਾ’, ‘ਰੰਗ ਬਰਸੇ’,’ਵਿਸ਼ਵ ਸੁੰਦਰੀ’, ‘ਲੁਤਰੋ’, ‘ਸਾਖੀ ਅੱਗੇ ਚੱਲੀ’, ‘ਅੱਧੇ ਸੌ ਦਾ ਨੋਟ’ ਆਦਿ ਮਨੁੱਖ ਅੰਦਰ ਦਮਿਤ ਅਹਿਸਾਸਾਂ ਤੋਂ ਪੈਦਾ ਹੁੰਦੇ ਅਸੰਤੁਲਨ, ਕੁੜੱਤਣ, ਨੀਮ ਪਾਗਲਪਨ ਆਦਿ ਜਿਹਿਆਂ ਹਾਲਤਾਂ ਨੂੰ ਬੜੀ ਸੰਜੀਦਗੀ ਨਾਲ ਰੂਪਮਾਨ ਕਰਦੀਆਂ ਹਨ।ਇਸਦੇ ਇਲਾਵਾ ਜਤਿੰਦਰ ਹਾਂਸ ਕਥਾ ਬਿਰਤਾਂਤ ਦਰਮਿਆਨ ਕਲਪਨਾ ਨਾਲੋਂ ਯਥਾਰਥ ਨੂੰ ਵਧੇਰੇ ਤਰਜੀਹ ਦਿੰਦਾ, ਘਟਨਾਵਾਂ ਜਾਂ ਕਥਾ ਵੇਰਵਿਆਂ ਦੀ ਘਾੜਤ-ਬੀੜਤ ਦੀ ਬਜਾਏ ਸੁਭਾਵਿਕਤਾ ਨੂੰ ਕਥਾ-ਪ੍ਰਬੰਧ ਦਾ ਹਿੱਸਾ ਬਣਾਉਂਦਾ ਹੈ।ਉਹ ਸਿਆਸਤ ਦੇ ਦੰਭੀ ਵਤੀਰੇ ਨੂੰ ਬੇਪਰਦ ਕਰਨ ਲੱਗਿਆਂ ਵੀ ਸਪਾਟ ਬਿਆਨਬਾਜ਼ੀ ਤੋਂ ਹੀ ਕੰਮ ਲੈਂਦਾ ਹੈ।ਉਹ ਰਾਜਨੀਤੀਵਾਨਾਂ ਦੇ ਨਿੱਜਮੁਖੀ ਦੇ ਨਿੱਜਮੁਖੀ ਰਵੱਈਏ ਨੂੰ ਪੇਸ਼ ਕਰਦਾ ਉਹਨਾਂ ਦੇ ਚਰਿੱਤਰ ਵਿਚਲੀ ਕਰੂਪਤਾ ਨੂੰ ਬੜੇ ਸਖ਼ਤ ਸ਼ਬਦਾਂ ਵਿਚ ਭੰਡਦਾ ਹੈ। ਕਹਾਣੀ ‘ਲਛਮਣ ਰੇਖਾ’ ਵਿਚ ਸਰਪੰਚ ਪਾਤਰ ਦੇ ਮੂੰਹੋਂ ਅਖਵਾਏ ਕਥਨ ਸਿਆਸੀ ਕਾਰਕੁੰਨਾ ਦੀ ਸਮੂਹਿਕ ਤਸਵੀਰ ਬਣਦੇ ਹਨ :-

> ਪੰਦਰਾਂ ਸਾਲ ਹੋਗੇ ਸਰਪੰਚੀ ਕਰਦਿਆਂ, ਮੇਰਾ ਅਸੂਲ ਆ ਚਾਰ ਸਾਲ ਗਿਆਰਾਂ ਮਹੀਨੇ
>
> ਲੋਕਾਂ ਨੂੰ ਜਿਤਨਾ ਮਰਜੀ ਕੁੱਟੀ ਜਾਉ। ਵੋਟਾਂ ਤੋਂ ਮਹੀਨਾ ਕੁ ਪਹਿਲਾਂ ਪੂਚ ਪੂਚ ਕਰੋ,
>
> ਇਹ ਸਾਰਾ ਕੁਝ ਭੁੱਲ ਭੁਲਾ ਕੇ ਕੁੱਤੇ ਵਾਂਗ ਪੂਛ ਹਿਲਾਉਣ ਲਗਦੇ ਹਨ।[5]

ਅਜਿਹੇ ਕਥਨ ਸਿਆਸਤ ਉਪਰ ਹੀ ਨਹੀਂ, ਬੇਤਰਕ ਆਵਾਮ ਨੂੰ ਵੀ ਵਿਅੰਗ ਦੀ ਪਾਣ ਹੇਠ ਲੈ ਆਉਂਦੇ ਹਨ। ਧਰਮ ਵੀ ਸਿਆਸਤ ਦੀ ਮਾਰ ਤੋਂ ਅਭਿੱਜ ਨਹੀਂ ਰਿਹਾ। ਮੰਡੀ ਸਭਿਆਚਾਰ ਨੇ ਧਰਮ ਨੂੰ ਧਰਮ ਦੇ ਅਸਲ ਤੋਂ ਮੋੜ ਕੇ ਮੰਡੀ ਦੀ ਵਸਤ ਦੇ ਰੂਪ ਵਿਚ ਇਸਤੇਮਾਲ ਕਰਨ ਤੱਕ ਮਿੱਥ ਲਿਆ ਹੈ। ਨਤੀਜਤਨ ਨੈਤਿਕਤਾ, ਇਖ਼ਲਾਕ ਤੇ ਸਦਾਚਾਰ ਜਿਹੇ ਜੀਵਨ ਸੁਹਜ, ਅਜੋਕੀ ਜੀਵਨ ਸ਼ੈਲੀ ਵਿਚੋਂ ਲੁਪਤ ਨਜ਼ਰ ਆ ਰਹੇ ਹਨ ਅਤੇ ਵਿਅਕਤੀਵਾਦ ਦੀ ਪ੍ਰਬਲ ਸੁਰ ਹਰ ਜੀਵਨ ਕਦਰ ਦਾ ਘਾਣ ਕਰਦੀ ਜਿਊਣ ਲਈ ਕਈ ਔਖਿਆਈਆਂ ਨੂੰ ਪੈਦਾ ਕਰ ਰਹੀ ਹੈ।

ਜਤਿੰਦਰ ਹਾਂਸ ਸਮਕਾਲੀ ਜੀਵਨ ਯਥਾਰਥ ਦਾ ਲੇਖਾ ਜੋਖਾ ਕਰਨ ਲੱਗਿਆਂ ਅੰਤਰਪਾਠਤਾ ਦੀ ਵਿਧੀ ਤਹਿਤ ਆਪਣੇ ਵਿਰਸੇ, ਲੋਕਯਾਨ, ਮੂਲ ਸਭਿਆਚਾਰ, ਲੋਕ ਸਿਆਣਪਾਂ, ਲੋਕ ਵਿਸ਼ਵਾਸਾਂ ਅਤੇ ਇਤਿਹਾਸਕ ਅਮੀਰੀ ਨੂੰ ਆਪਣਾ ਦ੍ਰਿਸ਼ਟੀ ਕੇਂਦਰ ਬਣਾਉਂਦਾ ਅਜੋਕੇ ਸਮੇ ਦੇ ਸੱਚ ਨੂੰ ਸਮਝਣ ਦਾ ਤਕੱਲੁਫ਼ ਕਰਦਾ ਹੈ।ਲੋੜ ਅਨੁਸਾਰ ਕਥਾ ਬਿਰਤਾਂਤ ਵਿਚਕਾਰ ਗੁਰਮਤਿ ਹਵਾਲਿਆਂ ਦੀ ਮਦਦ ਰਾਹੀਂ ਉਹ ਮਰ ਰਹੀ ਜੀਵਨ ਸੁਰ ਅਤੇ ਡਿਗਦੇ ਮਨੋਬਲ ਵਿਚ ਬਲ ਭਰਨ ਦਾ ਸੁਚੱਜਾ ਯਤਨ ਵੀ ਕਰਦਾ ਹੈ।ਕਹਾਣੀ 'ਸਾਖੀ ਅੱਗੇ ਚੱਲੀ' , 'ਉਹ ਇੰਜ ਹੀ ਜਿਊਂਦਾ ਸੀ' ਅਤੇ 'ਰਾਹੂ ਕੇਤੂ' ਇਸਦਾ ਜ਼ਾਹਰਾਨਾ ਸਬੂਤ ਬਣਦੀਆਂ ਹਨ।ਕਹਾਣੀ 'ਸਾਖੀ ਅੱਗੇ ਚੱਲੀ' ਵਿਚਲਾ ਬਿਰਤਾਂਤਕ ਪ੍ਰਵਚਨ ਪੰਜਾਬ ਸਿੰਘ ਪਾਤਰ ਦੇ ਹਵਾਲੇ ਰਾਹੀਂ ਪੁਰਾਣੇ ਪੰਜਾਬ ਅਤੇ ਆਧੁਨਿਕ ਸਮੇਂ ਵਿਚਲੇ ਨਵੀਨ ਮਾਪਦੰਡਾਂ ਵਿਚਕਾਰ ਲੀਕ ਖਿੱਚਦਾ ਪੁਰਾਤਨਤਾ ਦੀ ਪ੍ਰਸੰਗਿਕਤਾ ਨੂੰ ਉਜਾਗਰ ਕਰਦਾ ਹੈ।

> ਪਿਤਾ ਗੁਰੂ ਤੇਗ ਬਹਾਦਰ ਜੀ ਹਿੰਦੂ ਧਰਮ ਦੀ ਰੱਖਿਆ ਲਈ ਦਿੱਲੀ ਚਾਂਦਨੀ ਚੌਂਕ ਵਿਚ ਸ਼ਹੀਦੀ ਲਈ ਭੇਜੇ।ਛੋਟੇ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਜੀ ਨੇ ਸਰਹੰਦ ਸ਼ਹੀਦੀ ਪ੍ਰਾਪਤ ਕੀਤੀ। ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੁਸ਼ਮਣਾਂ ਨਾਲ ਲੜਦੇ ਸ਼ਹੀਦ ਹੋਏ। ਚਾਰ ਪੁੱਤਰ ਵਾਰ ਕੇ ਸੱਚੇ ਪਾਤਸ਼ਾਹ ਕਹਿੰਦੇ, 'ਚਾਰ ਮੂਏ ਤੋਂ ਕਿਆ ਹੂਆ, ਜੀਵਤ ਕਈ ਹਜ਼ਾਰ।'[6]

ਅਜਿਹਾ ਕਰਦਿਆਂ ਜਿੱਥੇ ਇਕ ਪਾਸੇ ਕਹਾਣੀਕਾਰ, ਦਸਮ ਪਿਤਾ ਦਾ ਅਜਿਹਾ ਰੂਹ ਵਿਚ ਜਾਨ ਫੂਕਣ ਵਾਲਾ ਹਵਾਲਾ ਕੋਡ ਕਰਦਾ ਹੈ ਉੱਥੇ ਨਾਲ ਹੀ ਅੱਜ ਦੇ ਮਾਰੂ ਹਾਲਾਤ ਸਾਹਵੇਂ ਬੰਦੇ ਦੀ ਦਮ ਤੋੜਦੀ ਹਿੰਮਤ ਦਾ ਵੀ ਬਿੰਬ ਉਜਾਗਰ ਕਰਦਾ ਹੈ। ਵਰਤਮਾਨ ਮਨੁੱਖ ਪ੍ਰਤਿਕੂਲ ਪ੍ਰਸਥਿਤੀਆਂ ਨਾਲ ਖਹਿੰਦਾ ਦਸਮ ਪਿਤਾ ਦੀ ਰੂਹਾਨੀ ਕਥਾ ਦਾ ਰੋਜ਼ਾਨਾ ਸ੍ਰਵਣ ਕਰਦਿਆਂ ਵੀ ਸਥਿਤੀਆਂ ਅੱਗੇ ਗੋਡੇ ਟੇਕ ਦਿੰਦਾ ਹੈ। ਉਸ ਅੰਦਰਲੀ ਅਜਿਹੀ ਵਿਵਹਾਰਿਕ ਕਚਿਆਈ ਉਸਨੂੰ ਸਾਧਾਰਨਤਾ ਦੇ ਪੈਮਾਨੇ ਵਿਚੋਂ ਬਾਹਰ ਨਹੀਂ ਨਿਕਲਣ ਦਿੰਦੀ। 'ਜ਼ਿੰਦਗੀ ਵਿਚ ਕਦੇ ਹਾਰ ਨਾ ਮੰਨਣ ਵਾਲਾ, ਗਲ ਫਾਹਾਂ ਲੈ ਕੇ ਮਰ ਗਿਆ।' ਜਿਹੇ ਵਾਕ ਅੱਜ ਦੀ ਹਕੀਕਤ ਦਾ ਜਾਹਿਰਾਨਾ ਸ੍ਰੋਤ ਬਣਦੇ ਹਨ। ਪੰਜਾਬੀ ਸਭਿਆਚਾਰ ਵਿਚਲੀ ਹਮੇਸ਼ਾ ਚੜ੍ਹਦੀਕਲਾ ਵਿਚ ਰਹਿਣ ਦੀ ਸੁਰ ਨੂੰ ਪੰਜਾਬ ਸਿੰਘ ਪਾਤਰ ਦੇ ਸੁਭਾਅ ਵਿਚਲੀ ਆਸ਼ਾਵੰਦ ਰਹਿਣ ਦੀ ਖ਼ੂਬੀ ਰਾਹੀਂ ਦਰਸਾਉਂਦਿਆਂ ਕਹਾਣੀਕਾਰ ਆਸ਼ਾਵਾਦੀ ਵਾਤਾਵਰਨ ਉਸਾਰਨ ਤੇ ਸਿਰਜਣ ਦਾ ਖ਼ੂਬਸੂਰਤ ਸੁਨੇਹਾ ਦਿੰਦਾ ਹੈ :

> ਜਿਸਦੀ ਉਸ ਰਾਤ ਲਾਸ਼ ਦੇਖ ਕੇ ਮੈਂ ਪਾਗਲ ਹੋ ਗਿਆ ਸਾਂ। ਅੱਜ ਮੇਰੇ ਸਾਹਮਣੇ ਚਿੱਟੇ ਕੱਪੜੇ ਪਾਈ ਹੱਥ ਵਿਚ ਖੂੰਡਾ ਫੜੀ ਬੈਠਾ ਸਬਜ਼ੀ ਗੁੱਡ ਰਿਹਾ ਸੀ।ਜਿਵੇਂ ਆਖ ਰਿਹਾ ਹੋਵੇ ਮੈਂ ਅਜੇ ਮਰਿਆ ਨਹੀਂ, ਮੈਂ ਮਰ ਹੀ ਨਹੀਂ ਸਕਦਾ।[7]

ਅਜਿਹੀ ਸੁਰ ਹੀ ਕਹਾਣੀ 'ਉਹ ਇੰਜ ਹੀ ਜਿਉਂਦਾ ਸੀ' ਵਿਚੋਂ ਵੀ ਪ੍ਰਗਟ ਹੁੰਦੀ ਹੈ। ਇਸ ਕਹਾਣੀ ਅੰਦਰ ਰੱਖੇ ਪਾਤਰ ਦੇ ਮਾਧਿਅਮ ਰਾਹੀਂ ਬਿਰਤਾਂਤਕਾਰ ਜੀਵਨ ਦੀਆਂ ਦੁਸ਼ਵਾਰੀਆਂ ਨਾਲ ਆਢਾ ਲੈਂਦਿਆਂ ਜੀਵਨ ਦਾ ਲੁਤਫ਼ ਲੈ ਸਕਣ ਦੀ ਸਮਰੱਥਾ ਤੇ ਸੋਝੀ ਦਾ ਅਪ੍ਰੋਖ ਵਰਣਨ ਕਰਦਾ ਹੈ। ਕਹਾਣੀ 'ਰਾਹੂ ਕੇਤੂ ਵਿਚਕਾਰ ਪਾਤਰ ਚੰਦ ਸਿੰਘ ਕਿਸਾਨੀ ਸੰਕਟ ਨਾਲ ਜੂਝਦਿਆਂ ਵੀ ਆਪਣੀ ਜੱਟ ਹਉਮੈ ਨੂੰ ਨਿਰੰਤਰ ਬਰਕਰਾਰ ਰੱਖਦਿਆਂ ਚੜ੍ਹਤ ਦੇ ਭਰਮ ਹੇਠ ਜੀਵਨ ਬਸਰ ਕਰਨ ਵੱਲ ਸੇਧਿਤ ਹੈ।

ਕਥਾ ਬਿਰਤਾਂਤ ਵਿਚਕਾਰ ਕਥਾ ਰਸ ਦੀ ਨਿਰੰਤਰਤਾ ਨੂੰ ਬਰਕਰਾਰ ਰੱਖਣ ਲਈ ਹਾਂਸ ਸਥਿਤੀ ਮੁਜਬ ਲੋਕ ਵਿਸ਼ਵਾਸਾਂ, ਅਖਾਉਤਾਂ, ਮੁਹਾਵਰਿਆਂ ਤੇ ਕਾਵਿਕ ਛੋਹਾਂ ਦੀ ਮਿਸ ਵੀ ਸ਼ਾਮਿਲ ਕਰਦਾ ਹੈ।ਬਹੁਤੀ ਵਾਰ ਉਸ ਦੁਆਰਾ ਵਰਤੇ ਕਾਵਿਕ ਹਵਾਲਿਆਂ ਦੀ ਪੁੱਠ ਹੇਠ ਖ਼ਾਲਸ ਸਭਿਆਚਾਰ, ਲੋਕ ਤੱਥਾਂ ਜਾਂ ਅੱਜ ਦੇ ਸਮੇਂ ਦੀ ਝਲਕ ਨਿਹਿਤ ਹੁੰਦੀ ਹੈ।ਮਸਲਨ:

ਰਾਮ ਵੇਲੇ ਦੁੱਧ ਸੀ ,ਕ੍ਰਿਸ਼ਨ ਵੇਲੇ ਘੀ, ਅੱਜ ਕਲ ਤਾਂ ਦਾਰੂ ਐ, ਰੱਜ ਰੱਜ ਕੇ ਪੀ।[8]

ਲਾਂਮੇਂ ਪੈਰ ਪਾਸਾਰ, ਇਕ ਦਿਨ ਸੌਣਾ, ਇਕ ਦਿਨ ਸੌਣਾ, ਰੁੱਤਾਂ ਮੁੜ ਮੁੜ ਆਉਣਗੀਆਂ,

ਬੰਦਿਆ ਤੂੰ ਮੁੜ ਕੇ ਨਹੀਂ ਆਉਣਾ।[9]

ਇਸੇ ਪ੍ਰਕਾਰ ਅਖਾਉਤਾਂ ਦੀ ਵਰਤੋਂ ਰਾਹੀਂ ਵੀ ਜਤਿੰਦਰ ਹਾਂਸ ਨੇ ਗਾਗਰ ਵਿਚ ਸਾਗਰ ਭਰਨ ਦਾ ਯਤਨ ਕੀਤਾ ਹੈ।ਇਹ ਅਖਾਂਉਤਾਂ ਮੁਹਾਵਰੇ ਜਿੱਥੇ ਕਥਾਕਾਰ ਦੀ ਜ਼ਹਿਨੀ ਅਮੀਰੀ ਦਾ ਸਬੂਤ ਬਣਦੇ ਹਨ ਉੱਥੇ ਬਿਰਤਾਂਤ ਦੀ ਪ੍ਰਭਾਵ ਸੰਘਣਤਾ ਵਿਚ ਭਰਪੂਰ ਇਜ਼ਾਫ਼ਾ ਵੀ ਕਰਦੇ ਹਨ।ਉਸਦੀਆਂ ਕਹਾਣੀਆਂ ਦਾ ਅਮੀਰੀ ਗੁਣ ਹੈ ਕਿ ਉਹ ਪਾਤਰਾਂ ਨੂੰ ਕਿਤੇ ਵੀ ਸੰਕਟ ਸਾਹਮਣੇ ਝੁਕਦਿਆਂ ਨਹੀਂ ਦਿਖਾਉਂਦਾ ਸਗੋਂ ਉਹਨਾਂ ਅੰਦਰਲੀ ਜੀਵਨ ਰੌਂਅ ਨੂੰ ਬਚਾਅ ਕੇ ਰੱਖਦਾ ਹੈ।ਪਾਤਰ ਕਥਾ ਵੇਰਵਿਆਂ ਰਾਹੀਂ ਆਪਣਾ ਆਪ ਉਘਾੜਦੇ ਨਿਰੰਤਰ ਸੰਘਰਸ਼ਰਤ ਰਹਿੰਦੇ ਹਨ।ਉਹਨਾਂ ਅੰਦਰਲੇ ਸੰਘਰਸਸ਼ੀਲ ਮਾਦੇ ਕਾਰਨ ਹੀ ਉਹ ਸਾਧਾਰਨ ਹੋ ਕੇ ਵੀ ਸਾਧਾਰਨ ਨਹੀਂ ਰਹਿ ਪਾਉਂਦੇ।ਕਹਾਣੀ 'ਉਹ ਇੰਜ ਹੀ ਜਿਊਂਦਾ ਸੀ' ਦਾ ਪਾਤਰ ਰੱਖਾ ਨਿਮਨ ਆਰਥਿਕਤਾ ਦਾ ਝੰਭਿਆ ਹੋਇਆ ਵੀ ਆਪਣੇ ਅੰਦਰ ਦੇ ਜਿੰਦਾਦਿਲ ਮਾਦੇ ਨੂੰ ਜੀਵਤ ਰੱਖਦਾ ਹੈ। ਕਹਾਣੀ 'ਜਿਊਣਾ ਸੱਚ ਤੇ ਬਾਕੀ ਝੂਠ' ਦਾ ਪਿਤਾ ਪਾਤਰ, ਲੁਤਰੋ ਕਹਾਣੀ ਦੀ ਪਾਤਰ ਮੁੱਕੋ ਤੋਂ ਇਲਾਵਾ ਅਜਿਹੇ ਹੀ ਹੋਰ ਪਾਤਰ, ਜੋ ਸੰਕਟਕੁੰਨ ਹਾਲਾਤ ਨਾਲ ਭਿੜਦਿਆਂ ਵੀ ਜੀਵਨ ਜਜ਼ਬੇ ਨੂੰ ਕਾਇਮ ਰੱਖਦੇ ਹਨ।ਬਹੁਤੇ ਪਾਤਰ 'ਸਮੂਹਿਕਤਾ' ਦੀ ਧੁਨੀ ਨੂੰ ਆਪਣੇ ਅੰਦਰ ਸੰਮਿਲਤ ਕਰਕੇ ਵਿਚਰਦੇ ਦਿਖਾਈ ਦਿੰਦੇ ਹਨ। ਨਾਰੀ ਪਾਤਰਾਂ ਵੀ ਦਲੇਰ, ਧਾਕੜ, ਸਵੈ-ਅਭਿਮਾਨੀ ਤੇ ਚੇਤਨ ਰੂਪ ਵਿਚ ਸਾਹਮਣੇ ਆਉਂਦੀਆਂ ਹਨ। ਜਤਿੰਦਰ ਹਾਂਸ ਔਰਤ ਮਨ ਦੀਆਂ ਤਹਿਆਂ ਨੂੰ ਪਕੜਨ ਹਿੱਤ ਕਹਾਣੀ ਵਿਚ ਔਰਤ ਵਜੋਂ ਵਿਚਰਦਾ ਵੀ ਪ੍ਰਤੀਤ ਹੁੰਦੀ ਹੈ। ਉਸਦੀ ਔਰਤ ਪ੍ਰਤੀ ਚਿੰਤਨ ਬਿਰਤੀ ਔਰਤ ਮਨ ਦੀ

ਪਰਤ-ਦਰ-ਪਰਤ ਘੋਖਵੀਂ ਝਾਤ ਪਵਾਉਣ ਦੇ ਸਮਰੱਥ ਹੈ। ਜਦ ਹਾਂਸ ਔਰਤ ਸੰਵੇਦਨਾ ਦੀ ਗੱਲ ਕਰਦਾ ਹੈ ਉਸ ਦੀ ਵਿਵੇਚਨੀ ਸੁਰ ਔਰਤ ਨੂੰ ਵਿਭਿੰਨ ਕੋਣਾਂ ਤੋਂ ਚਿਤਰਦੀ ਬਹੁ ਪਰਤੀ ਪਰਤਾਂ ਕੁਰੇਦਣ ਵੱਲ ਤਤਪਰ ਕਰਦੀ ਹੈ, ਜਿਸ ਵਿਚੋਂ ਔਰਤ ਮਰਿਆਦਾਗਤ, ਮਰਿਆਦਾਭੰਜਕ, ਵਿਦਰੋਹੀ, ਧਾਕੜ, ਦਲੇਰ, ਔਰਤ-ਔਰਤ ਦੀ ਦੁਸ਼ਮਣ ਵਜੋਂ ਅਤੇ ਕਿਤੇ-ਕਿਤੇ ਸ਼ੋਸ਼ਿਤ ਧਿਰ ਵਜੋਂ ਪੇਸ਼ ਹੁੰਦੀ ਹੈ। ਹਾਂਸ ਦੀ ਸ਼ਿਲਪੀ ਪਹੁੰਚ ਹੇਠ ਔਰਤ ਦੇ ਪਰਿਚਿਤ ਮਸਲੇ ਵੀ ਨਵੀਨ ਕੋਣਾਂ ਤੋਂ ਹੋਂਦ ਅਖ਼ਤਿਆਰ ਕਰਦੇ ਹਨ। ਉਸ ਦੀ ਕਹਾਣੀ 'ਲੁਤਰੋ' ਇਕੋ ਹੀ ਸਮੇਂ ਦੇ ਔਰਤਾਂ ਦੇ ਦੁੱਖ ਦਾ ਚਿਤਰਣ ਕਰਦੀ ਔਰਤ ਅੰਦਰਲੇ ਹਿੰਮਤੀ ਮਾਦੇ ਨੂੰ ਮੂਰਤੀਮਾਨ ਕਰਦੀ ਹੈ। ਇਕ ਔਰਤ ਉਹ ਹੈ ਜੋ ਇਕਲੌਤੇ ਪੁੱਤਰ ਦੇ ਪ੍ਰਦੇਸ਼ ਜਾ ਕੇ ਵੱਸਣ ਅਤੇ ਮਾਂ ਪ੍ਰਤੀ ਵਰਤੀ ਬੇਪ੍ਰਵਾਹੀ ਤੋਂ ਹਤਾਸ਼ ਹੈ ਤੇ ਦੂਜੀ ਔਰਤ ਉਹ ਹੈ ਜੋ ਪਤੀ ਦੇ ਨਸ਼ੇੜੀ ਤੇ ਲਾਪਰਵਾਹ ਸੁਭਾਅ ਤੋਂ ਤੰਗ ਆ ਕੇ ਪੇਕੇ ਆ ਕੇ ਆਪਣੇ ਬੱਚਿਆਂ ਦਾ ਭਵਿੱਖ ਬਣਾਉਣ ਲਈ ਚਿਹਰੇ 'ਤੇ ਮੁਸਕਾਨ ਦਾ ਮਖੌਟਾ ਪਾ ਲੋਕਾਂ ਘਰ ਕੰਮ ਕਰਦੀ ਖ਼ੁਦਾਰੀ ਨਾਲ ਮਿਹਨਤ ਕਰਦੀ ਹੈ। ਦੋਵੇਂ ਔਰਤਾਂ ਵਿਚਕਾਰ ਸਾਂਝੀ ਕੜੀ ਦੁੱਖ ਹੈ। ਦੋਹਾਂ ਦੀਆਂ ਸਮੱਸਿਆਵਾਂ ਦਾ ਰੂਪ ਵੱਖਰਾ ਹੈ ਪਰੰਤੂ ਦੋਹਾਂ ਵਿਚ ਰਿਸ਼ਤੇ ਪਾਲਣ ਤੇ ਪਰਿਵਾਰ ਪ੍ਰਤੀ ਸਮਰਪਣ ਭਾਵ ਦੇ ਅਹਿਸਾਸ ਦੀ ਪ੍ਰਬਲਤਾ ਉਨ੍ਹਾਂ ਅੰਦਰਲੀ ਮਰਿਆਦਾਗਤ ਪ੍ਰਤਿਬੱਧਤਾ ਨੂੰ ਰੂਪਮਾਨ ਕਰਦੀ ਹੈ। ਇਸ ਕਹਾਣੀ ਵਿਚਲੀ ਮੁੱਕੋ ਪਾਤਰ ਸ਼ਰਾਬੀ ਪਤੀ ਦੀ ਗ਼ੈਰਹਾਜ਼ਰੀ ਵਿਚ ਵੀ ਰਿਸ਼ਤੇ ਪ੍ਰਤੀ ਵਚਨਬੱਧ ਹੈ। ਮੈਂ-ਪਾਤਰ ਦੁਆਰਾ ਮੁੱਕੋ ਨੂੰ ਦੂਜੇ ਵਿਆਹ ਦੀ ਤਜ਼ਵੀਜ ’ਤੇ ਮੁੱਕੋ ਦੁਆਰਾ ਦਿੱਤਾ ਗਿਆ ਜਵਾਬ ਉਸਦੀ ਮਰਿਯਾਦਾਗਤ ਮਾਨਸਿਕਤਾ ਦੀ ਨਿਸ਼ਾਨਦੇਹੀ ਕਰਦਾ ਹੈ :

> ਉਹ ਤੋਂ ਤਲਾਕ ਲੈ ਕੇ ਹੋਰ ਵਿਆਹ ਕਰਵਾ ਲੈ। ਮੈਂ ਕਿਹਾ, 'ਨਾ ਬੀਬੀ ਮੈਂ ਹੋਰ ਵਿਆਹ ਨੀ ਕਰਵਾਉਣਾ, ਮੇਰੀਆਂ ਧੀਆਂ ਰੁਲ ਜਾਣਗੀਆਂ। ਮੈਂ ਉਹਨਾਂ ਦੀ ਜ਼ਿੰਦਗੀ ਬਣਾਉਣੀ ਆ . . .।[10]

ਇਸ ਹਵਾਲੇ ਤੋਂ ਔਰਤ ਅੰਦਰਲੀ 'ਮਮਤਾ' ਦਾ ਰੂਪ ਸਪੱਸ਼ਟ ਹੋ ਜਾਂਦਾ ਹੈ। ਔਰਤ ਦੀ ਜ਼ਿੰਦਗੀ ਵਿਚ ਔਲਾਦ ਦੀ ਅਹਿਮੀਅਤ ਉਸਨੂੰ ਅਣਇੱਛਿਤ ਯਥਾਰਥ ਭੋਗਣ ਲਈ ਵੀ ਤਿਆਰ ਕਰ ਦਿੰਦੀ ਹੈ। ਮੈਂ ਪਾਤਰ ਦਾ ਪੁੱਤ ਪ੍ਰਦੇਸ਼ ਰਹਿੰਦਾ ਹੈ ਪਰ ਅੱਜ ਵੀ ਉਸਦੀ ਮਾਂ ਪੁੱਤਰ ਦੁਆਰਾ ਦਿੱਤੀ ਗਈ ਪੀੜਾ ਦਾ ਸੰਤਾਪ ਭੋਗਦੀ ਉਸਨੂੰ ਬਦਅਸੀਸ ਦੇਣ ਤੋਂ ਅਸਮਰੱਥ ਹੈ। ਉਸ ਅੰਦਰਲੀ ਮਮਤਾ ਦੂਜਿਆਂ ਨੂੰ ਪਿਆਰ ਦਿੰਦਿਆਂ ਵੀ ਆਪਣੇ ਪੁੱਤਰ ਨੂੰ ਹੀ ਮੋੜਵੀਂ ਅਸੀਸ ਦੇਣ ਵੱਲ ਉਲਾਰ ਹੈ।

ਬਦਲਦੇ ਸਮੇਂ ਦਰਪੇਸ਼ ਔਰਤ ਪ੍ਰਤੀ ਸਥਾਪਤ ਪ੍ਰਤਿਮਾਨ ਧੁੰਦਲੇ ਪੈ ਰਹੇ ਹਨ। ਔਰਤ ਵੀ ਮਰਿਯਾਦਾਪਾਲਕ ਦੀ ਜਗ੍ਹਾ ਭੰਜਕ ਬਣ ਕੇ ਆਪਣੇ ਸ੍ਵੈ ਤੇ ਸ੍ਵੈਮਾਨ ਖ਼ਾਤਰ ਪ੍ਰਤਿਸ਼ੋਧ ਲਈ ਸਾਹਸ ਇੱਕਠਾ ਕਰਦੀ ਨਜ਼ਰ ਆ ਰਹੀ ਹੈ। ਕਹਾਣੀ 'ਲਵ ਜਿਹਾਦ' ਵਿਚਲੀ ਮੈਂ-ਪਾਤਰ ਧੀ, ਪ੍ਰੇਮਿਕਾ ਅਤੇ ਪਤਨੀ ਦੇ ਰਿਸ਼ਤੇ ਵਿਚ ਬੱਝੀ ਆਪਣੇ ਅਸਤਿੱਤਵ ਲਈ ਜਿਹਾਦ

ਲੜ ਰਹੀ ਹੈ। ਆਪਣਾ ਸ੍ਵੈ ਜਾਂ ਆਤਮ ਰੱਖਿਆ ਉਸ ਲਈ ਅਹਿਮ ਇਕਾਈ ਹੈ। ਆਤਮ ਰੱਖਿਆ ਦੇ ਸਫ਼ਰ ਵਿਚ ਉਹ ਕਈ ਬੇਲੋੜੀਆਂ ਮਰਿਯਾਦਤ ਇਕਾਈਆਂ ਨੂੰ ਤਿਲਾਂਜਲੀ ਵੀ ਦਿੰਦੀ ਹੈ ਅਤੇ ਸ੍ਵੈ ਪੱਧਰ 'ਤੇ ਨਵੇਂ ਪ੍ਰਤਿਮਾਨ ਸਥਾਪਤ ਕਰਨ ਵੱਲ ਰੁਚਿਤ ਵੀ ਹੈ। ਉਸ ਲਈ ਬੇਮੇਚ ਜਾਂ ਅਨਜੋੜ ਵਰ ਨਾ-ਮੰਜ਼ੂਰ ਹੈ। ਆਪਣੀ ਇੱਛਾ ਅਨੁਸਾਰ ਵਰ ਚੁਣਣ ਲਈ ਉਹ ਚੇਤਨ ਵੀ ਹੈ ਅਤੇ ਫ਼ੈਸਲਾ ਲੈ ਸਕਣ ਦੇ ਸਮੱਰਥ ਵੀ ਹੈ। ਇੰਜ ਹਾਂਸ ਜਦ ਔਰਤ ਬਿੰਬ ਉਸਾਰਦਾ ਹੈ ਤਾਂ ਔਰਤ ਨਾ ਤਾਂ ਉਸ ਲਈ ਦੇਵੀ ਹੈ ਤੇ ਨਾ ਹੀ ਵਸਤੂ। ਉਸ ਦੀ ਕਹਾਣੀ ਵਿਚਲੀ ਔਰਤ ਸਾਧਾਰਨ ਔਰਤ ਹੈ ਜੋ ਖ਼ਾਮੀਆਂ-ਖ਼ੂਬੀਆਂ ਦਾ ਸੁਮੇਲ ਹੈ। ਇਸ ਲਈ ਲੇਖਕ ਜਦ ਔਰਤ ਚਿਤਰਣ ਕਰਦਾ ਹੈ ਤਾਂ ਉਹ ਔਰਤ ਅੰਦਰਲੀਆਂ ਅਜਿਹੀਆਂ ਊਣਤਾਈਆਂ ਨੂੰ ਵੀ ਸਪੱਸ਼ਟ ਕਰਦਾ ਹੈ ਜੋ ਉਸ ਦੇ ਔਰਤ ਅਸਤਿੱਤਵ ਦੀਆਂ ਵੱਡੀਆਂ ਖ਼ਾਮੀਆਂ ਕਹੀਆਂ ਜਾ ਸਕਦੀਆਂ ਹਨ।

ਜਿਵੇਂ ਹਰ ਸਿੱਕੇ ਦੇ ਦੋ ਪਹਿਲੂ ਹੁੰਦੇ ਹਨ, ਠੀਕ ਉਸੇ ਪ੍ਰਕਾਰ ਆਧੁਨਿਕ ਯਥਾਰਥ ਵੀ ਦੋਮੂੰਹਾ ਹੈ। ਅੱਜ ਦੀ ਔਰਤ ਅਧੀਨਗੀ ਵਾਲੇ ਅਕਸ ਵਿਚੋਂ ਬਾਹਰ ਨਿਕਲ ਕੇ ਸਵੈ-ਨਿਰਭਰ ਅਤੇ ਸਵੈ ਰੱਖਿਅਕ ਦਾ ਰੂਪ ਅਖ਼ਤਿਆਰ ਕਰ ਰਹੀ ਹੈ ਪਰ ਸਮਾਜਕ ਅਤੇ ਆਰਥਿਕ ਆਸਾਂਵੇਪਣ ਦੀ ਪੀੜਾ ਅੱਜ ਵੀ ਕੁਝ ਥਾਵਾਂ 'ਤੇ ਔਰਤ ਨੂੰ ਸ਼ੋਸ਼ਣ ਦਾ ਸ਼ਿਕਾਰ ਹੋਣ ਲਈ ਮਜਬੂਰ ਕਰ ਰਹੀ ਹੈ। ਕਹਾਣੀ 'ਅੰਨ ਬ੍ਰਹਮ ਹੈ' ਵਿਚਲੀ ਔਰਤ ਅਸੁਰੱਖਿਆ ਦੇ ਕਠੋਰ ਯਥਾਰਥ ਦੀ ਪੇਸ਼ਕਾਰੀ ਕਰਦੀ ਹੈ। ਕਹਾਣੀ ਵਿਚਲੀ ਪਾਤਰ ਪੂਜਾ ਦੁਆਰਾ ਪਰਿਵਾਰ ਪਾਲਣ ਲਈ ਆਪਣੇ ਜਿਸਮਾਨੀ ਵਪਾਰ ਦੇ ਰਾਹ ਪੈਣਾ ਅਤੇ ਉਸਦੀ ਵੱਡੀ ਧੀ ਸਲੋਨੀ ਦਾ ਬਲਾਤਕਾਰ ਹੋਣਾ ਅੱਜ ਦੇ ਸਮੇਂ ਵਿਚ ਔਰਤ ਦੀ ਅਜਿਹੀ ਸੋਸ਼ਿਤ ਸਥਿਤੀ ਵਿਚੋਂ ਮਰਦ ਦੀ ਔਰਤ ਪ੍ਰਤੀ ਵਸਤੂਵਾਦੀ ਪਹੁੰਚ ਦ੍ਰਿਸ਼ਟੀ ਨੂੰ ਹੀ ਜ਼ਾਹਿਰ ਕਰਦੇ ਹਨ। 'ਅੱਧੇ ਸੌ ਦਾ ਨੋਟ' ਕਹਾਣੀ ਵੀ ਔਰਤ ਦੇ ਖ਼ਰੀਦੇ ਅਤੇ ਵੇਚੇ ਜਾਣ ਦੀ ਸੰਕੀਰਣ ਸੋਚ ਨੂੰ ਪ੍ਰਗਟ ਕਰਦੀ ਵਰਤਮਾਨ ਸੰਦਰਭ ਵਿਚ ਪ੍ਰਵਾਸ ਧਾਰਨ ਕਰਨ ਦੇ ਲਾਲਚ ਅਧੀਨ ਸਮਝੌਤਾਵਾਦੀ ਵਿਆਹ ਪ੍ਰੰਪਰਾ ਨੂੰ ਨਸ਼ਰ ਕਰਦੀ ਔਰਤ ਸੰਵੇਦਨਾ ਦਾ ਸਿਖ਼ਰ ਹੋ ਨਿਬੜਦੀ ਹੈ।

ਇਸ ਪ੍ਰਕਾਰ ਅਜਿਹੇ ਉਸਾਰ ਪ੍ਰਬੰਧ ਅਧੀਨ ਵਿਚਰਦੀ ਕਹਾਣੀ ਆਪਣੇ ਸਿਖ਼ਰ 'ਤੇ ਪਹੁੰਚ ਕੇ ਵਿਸਫੋਟਕ ਅੰਤ ਦੇ ਨਾਲ ਸਮਾਪਤ ਹੋ ਜਾਂਦੀ ਹੈ। ਕਹਾਣੀਆਂ ਰਲਵੇਂ- ਮਿਲਵੇਂ ਭਾਵ ਬੋਧ ਅਰਥਾਤ ਕਦੇ ਸੁਖਾਂਤਕ, ਦੁਖਾਂਤਕ, ਸੇਧਾਤਮਕ ਤੇ ਵਿਅੰਗਾਤਮਕ ਅੰਤ ਦੇ ਨਾਲ ਆਪਣੀ ਗੱਲਕਥ ਨੂੰ ਅੰਜਾਮ ਦਿੰਦੀਆਂ ਹਨ।ਉਸਦੀਆਂ ਕਹਾਣੀਆਂ ਸਾਰਾ ਕੁਝ ਆਪਣੇ ਮੂਹੋਂ ਬਿਆਨ ਨਹੀਂ ਕਰਦੀਆਂ ਬਲਕਿ ਬਹੁਤ ਕੁਝ ਅਣਕਿਹਾ ਛੱਡਦੀਆਂ ਹਨ ਜੋ ਪਾਠਕ ਦੇ ਲਈ ਜੁੰਬਿੰਸ਼ ਦਾ ਬਾਇਸ ਬਣਦਾ ਹੈ।ਇਹ ਕਹਾਣੀਆਂ ਪਾਠਕ ਧਿਰ ਨੂੰ ਇੱਕੋ ਵੇਲੇ ਵਿਚਲਤ ਤੇ ਸੰਤੁਸ਼ਟ ਕਰਦੀਆਂ ਹਨ।ਇਹ ਪਾਠਕ ਮਨ ਅੰਦਰਲੇ ਅਨੇਕ ਪ੍ਰਕਾਰ ਦੇ ਗੁਬਾਰਾਂ ਦਾ ਕਥਾਰਸਿਸ ਵੀ ਹੋ ਨਿਬੜਦੀਆਂ ਹਨ ਅਤੇ ਉਸ ਨੂੰ ਵਿਵੇਕਸ਼ੀਲਤਾ ਦੇ ਰਾਹ ਵੀ ਪਾਉਂਦੀਆਂ ਹਨ।ਜਤਿੰਦਰ ਹਾਂਸ ਦੀ ਅਜਿਹੀ ਕਥਾ ਦ੍ਰਿਸ਼ਟੀ ਨੂੰ **ਵਰਿਆਮ ਸੰਧੂ** ਦੀ ਟਿੱਪਣੀ ਦੇ ਹਵਾਲੇ ਰਾਹੀਂ ਸਮਝਿਆ ਜਾ ਸਕਦਾ ਹੈ:-

ਨਿੱਕੀ ਕਹਾਣੀ ਦਾ ਮੂਲ ਮੰਤਵ ਦੱਸਣਾ ਘੱਟ ਹੀ ਹੁੰਦਾ ਹੈ ਇਸਦਾ ਮੂਲ ਮੰਤਵ ਪਾਠਕ

ਦੇ ਮਨ 'ਤੇ ਇਕ ਵਿਸ਼ੇਸ਼ ਭਾਂਤ ਦਾ ਇਕਾਗਰ ਜਿਹਾ ਪ੍ਰਭਾਵ ਪਾਉਣਾ ਹੁੰਦਾ ਹੈ।ਉਸ ਦਾ ਵਕਤ ਲੰਘਾਣਾ ਜਾਂ ਕਿਸੇ ਕਿਸਮ ਦਾ ਗਿਆਨ ਦੇਣ ਦੀ ਜਗ੍ਹਾ, ਉਸ ਦੇ ਅਨੁਭਵ ਨੂੰ ਚੇਤਨ ਕਰਨਾ ਹੁੰਦਾ ਹੈ।[11]

ਬਿਰਤਾਂਤ ਦੇ ਸਮੁੱਚੇ ਉਸਾਰ ਲਈ ਜਤਿੰਦਰ ਹਾਂਸ ਕਿਸੇ ਪ੍ਰਕਾਰ ਦੇ ਉਚੇਚ ਤੋਂ ਕੰਮ ਨਹੀ ਲੈਂਦਾ ਜਾਪਦਾ ਬਲਕਿ ਕਥਾ ਦਰਮਿਆਨ ਨਿਰਉਚੇਚ ਸੁਭਾਵਿਕ ਸ਼ੈਲੀ ਦਾ ਗੁਣ ਭਰਨ ਵੱਲ ਵਿਸ਼ੇਸ਼ ਤਵੱਜੋਂ ਦਿੰਦਾ ਹੈ।ਉਹ ਪਾਤਰ, ਘਟਨਾ ਅਤੇ ਸਥਿਤੀ ਅਨੁਕੂਲ ਬੋਲੀ ਦਾ ਇਸਤੇਮਾਲ ਕਰਦਾ ਹੈ।ਭਾਸ਼ਾ ਸਿੱਧੀ ਸਾਦੀ ਤੇ ਠੇਠ ਵਰਤਦਾ ਹੈ।ਲੋੜ ਅਨੁਸਾਰ ਮਜ਼ਾਕੀਆ ਢੰਗ ਵੀ ਵੇਖਣ ਨੂੰ ਮਿਲ ਜਾਂਦਾ ਹੈ।ਕਥਾ ਰਸ ਨੂੰ ਬਰਕਰਾਰ ਰੱਖਣ ਲਈ ਕਈ ਥਾਂਈਂ ਹਾਸ ਰਸੀ ਛੋਹਾਂ ਦਾ ਪ੍ਰਯੋਗ ਵੀ ਕੀਤਾ ਗਿਆ ਮਿਲਦਾ ਹੈ।ਭਾਂਵੇ ਕਿ ਇਹਨਾ ਹਾਸ ਰਸੀ ਛੋਹਾਂ ਪਿੱਛੇ ਕਥਾਕਾਰ ਦੀ ਵਿਅੰਗ ਵਿਧੀ ਕਾਰਜ਼ਸ਼ੀਲ ਹੁੰਦੀ ਹੈ।ਉਹ ਸ਼ੈਲੀਗਤ ਵਿਭਿੰਨਤਾ ਵਿਚ ਯਕੀਨ ਰੱਖਦਾ ਵਾਰਤਾਲਾਪੀ, ਵਿਅੰਗਤਮਕ, ਬਿਆਨੀਆ ਅਤੇ ਕਾਵਿਕ ਸ਼ੈਲੀ ਦਾ ਇਸਤੇਮਾਲ ਕਰਦਾ ਹੈ।ਅਲੰਕਾਰਕ ਭਾਸ਼ਾਈ ਰੰਗਣ ਵਜੋਂ ਉਪਮਾ, ਰੂਪਕ, ਦ੍ਰਿਸ਼ਟਾਂਤਕ ਆਦਿ ਅਲੰਕਾਰਾਂ ਦਾ ਝਾਉਲਾ ਵੀ ਵੇਖਣ ਨੂੰ ਮਿਲ ਜਾਂਦਾ ਹੈ।

ਇਸ ਪ੍ਰਕਾਰ ਜਤਿੰਦਰ ਹਾਂਸ ਵਸਤੂਗਤ ਪੱਧਰ 'ਤੇ ਸਮਾਜਿਕ ਯਥਾਰਥ ਦੀਆਂ ਵਿਭਿੰਨ ਪਰਤਾਂ ਦਾ ਨੋਟਿਸ ਲੈਂਦਾ ਵਿਭਿੰਨ ਕਥਾ ਵਿਧੀਆਂ ਰਾਹੀਂ ਉਹਨਾਂ ਦਾ ਪ੍ਰਗਟਾਅ ਕਰਦਾ ਹੈ।ਉਸਦੀ ਕਥਾ ਦ੍ਰਿਸ਼ਟੀ ਸਮਕਾਲੀਨਤਾ ਦਰਪੇਸ਼ ਆਈਆਂ ਨਵੀਨ ਚੁਣੌਤੀਆਂ ਨੂੰ ਆਪਣਾ ਕੇਂਦਰ ਬਿੰਦੂ ਨਿਰਧਾਰਿਤ ਕਰਦੀ, ਬਹੁ ਦਿਸ਼ਾਵੀ ਤਕਨੀਕਾਂ ਜ਼ਰੀਏ ਸਿਰਜਨਕਾਰੀ ਦਾ ਵਿਸ਼ੇਸ਼ ਮਾਡਲ ਬਣਦੀ ਹੈ।

***

## ਹਵਾਲੇ ਟਿੱਪਣੀਆਂ

1. ਜਤਿੰਦਰ ਹਾਂਸ, "**ਪਾਵੇ ਨਾਲ ਬੰਨ੍ਹਿਆ ਹੋਇਆ ਕਾਲ**", ਪੰਨਾ - 13
2. **ਉਹੀ,** ਪੰਨਾ - 22
3. ਸਤਿੰਦਰ ਸਿੰਘ ਨੂਰ, **"ਜਤਿੰਦਰ ਹਾਂਸ ਦੀਆਂ ਕਹਾਣੀਆਂ ਅੰਤਿਕਾ -2", ਜਤਿੰਦਰ ਹਾਂਸ ਦੀ ਕਥਾ ਸੰਵੇਦਨਾ {ਈਸ਼ਵਰ ਦਾ ਜਨਮ ਦੇ ਪਰਿਪੇਖ 'ਚ},** ਸੰਪਾ. ਡਾ. ਦਵਿੰਦਰ ਸਿੰਘ ਬੋਹਾ, ਪੰਨਾ - 133
4. ਡਾ. ਸੰਤੋਖ ਸਿੰਘ , **"ਸਵੈ ਚਿੰਤਨ ਤੋਂ ਸਮੂਹਿਕ ਚੇਤਨਾ ਦਾ ਵਾਹਕ : ਕੁੰਭੀ ਨਰਕ", ਕਹਾਣੀਧਾਰਾ,** ਅੰਕ 49-50, ਅਪ੍ਰੈਲ- ਸਤੰਬਰ, 2018, ਪੰਨਾ - 207-08

5. ਜਤਿੰਦਰ ਹਾਂਸ, **ਜਿਊਣਾ ਸੱਚ ਬਾਕੀ ਝੂਠ**, ਪੰਨਾ - 15
6. ਜਤਿੰਦਰ ਹਾਂਸ, **ਈਸ਼ਵਰ ਦਾ ਜਨਮ**, ਪੰਨਾ - 25
7. **ਉਹੀ ,** ਪੰਨਾ - 36
8. ਜਤਿੰਦਰ ਹਾਂਸ, "**ਪਾਵੇ ਨਾਲ ਬੰਨ੍ਹਿਆ ਹੋਇਆ ਕਾਲ**" ਪੰਨਾ - 26
9. ਜਤਿੰਦਰ ਹਾਂਸ, **ਈਸ਼ਵਰ ਦਾ ਜਨਮ**, ਪੰਨਾ - 25
10. ਜਤਿੰਦਰ ਹਾਂਸ, **ਜਿਊਣਾ ਸੱਚ ਬਾਕੀ ਝੂਠ**, ਪੰਨਾ - 63
11. ਵਰਿਆਮ ਸੰਧੂ, **ਆਧੁਨਿਕ ਪੰਜਾਬੀ ਕਹਾਣੀ**, ਉਥਾਨਕਾ